# ਐਸ.ਸੀ. ਕਮਿਸ਼ਨ ਦੇ ਦਖ਼ਲ ਤੋਂ ਬਾਅਦ ਪੁੱਡਾ ਦੇ ਨਿਗਰਾਨ ਇੰਜੀਨੀਅਰ ਨੂੰ ਮੁੱਖ ਇੰਜੀਨੀਅਰ ਵਜੋਂ ਮਿਲੀ ਤਰੱਕੀ

**ਚੰਡੀਗੜ੍ਹ, 12 ਨਵੰਬਰ (ਜਸਪਾਲ ਸਿੰਘ) :** ਪੰਜਾਬ ਰਾਜ ਅਨੁਸੂਚਿਤ ਜਾਤੀਆਂ ਕਮਿਸ਼ਨ ਦੇ ਦਖ਼ਲ ਮਗਰੋਂ ਪੰਜਾਬ ਸ਼ਹਿਰੀ ਯੋਜਨਾਬੰਦੀ ਅਤੇ ਵਿਕਾਸ ਅਥਾਰਟੀ ਵਲੋਂ ਨਿਗਰਾਨ ਇੰਜਨੀਅਰ ਨੂੰ ਪਿਛਲੀ ਮਿਤੀ 4 ਮਈ 2019 ਤੋਂ ਬਤੌਰ ਮੁੱਖ ਇੰਜਨੀਅਰ ਵਜੋਂ ਤਰੱਕੀ ਦਿਤੀ ਗਈ।

ਇਸ ਸਬੰਧੀ ਕਮਿਸ਼ਨ ਦੇ ਮੈਂਬਰ ਸ੍ਰੀ ਗਿਆਨ ਚੰਦ ਨੇ ਦਸਿਆ ਕਿ ਸ੍ਰੀ ਬਲਵਿੰਦਰ ਸਿੰਘ, ਜੋ ਪੰਜਾਬ ਸ਼ਹਿਰੀ ਯੋਜਨਾਬੰਦੀ ਅਤੇ ਵਿਕਾਸ ਅਥਾਰਟੀ, ਲੁਧਿਆਣਾ ਵਿਚ ਬਤੌਰ ਨਿਗਰਾਨ ਇੰਜੀਨੀਅਰ (ਸਿਵਲ), ਮਿਤੀ 3 ਜੁਲਾਈ 2015 ਤੋਂ ਕੰਮ ਕਰ ਰਿਹਾ ਸੀ। ਵਿਭਾਗ ਵਿਚ ਮੁੱਖ ਇੰਜੀਨੀਅਰ ਦੀ ਅਨੁਸੂਚਿਤ ਜਾਤੀ ਨਾਲ ਸਬੰਧਤ ਇਕ ਆਸਾਮੀ ਖ਼ਾਲੀ ਹੋਣ ਅਤੇ ਇਸ ਆਸਾਮੀ ਲਈ ਸਾਰੀਆਂ ਯੋਗਤਾਵਾਂ ਪੂਰੀਆਂ ਹੋਣ ਦੇ ਬਾਵਜੂਦ ਸਿਰਫ਼ ਸਾਲ 2018-19 ਦੀਆਂ ਗੁਪਤ ਰੀਪੋਰਟਾਂ ਸਮੇਂ ਸਿਰ ਪ੍ਰਾਪਤ ਨਾ ਹੋਣ ਕਾਰਨ ਸ਼ਿਕਾਇਤਕਰਤਾ ਨੂੰ ਮੁੱਖ ਇੰਜੀਨੀਅਰ ਦੀ ਤਰੱਕੀ ਤੋਂ ਵਾਂਝਾ ਰਖਿਆ ਗਿਆ।

ਇਸ ਸਬੰਧੀ ਪੰਜਾਬ ਰਾਜ ਅਨੁਸੂਚਿਤ ਜਾਤੀਆਂ ਕਮਿਸ਼ਨ ਵਲੋਂ ਇਸ ਮਾਮਲੇ ਦੀ ਪੜਤਾਲ ਮਗਰੋਂ ਮੁੱਖ ਪ੍ਰਸ਼ਾਸਕ, ਪੁੱਡਾ ਤੋਂ ਰੀਪੋਰਟ ਮੰਗੀ ਗਈ ਸੀ। ਪੁੱਡਾ ਵਲੋਂ ਪੇਸ਼ ਰੀਪੋਰਟ ਉਤੇ ਸ਼ਿਕਾਇਤਕਰਤਾ ਨੇ ਦਸਿਆ ਕਿ ਵਿਭਾਗ ਵਲੋਂ ਝੂਠੇ ਤੱਥ ਪੇਸ਼ ਕਰ ਕੇ ਉਸ ਦੀ ਤਰੱਕੀ ਵਿਚ ਰੁਕਾਵਟ ਪੈਦਾ ਕੀਤੀ ਜਾ ਰਹੀ ਹੈ। ਇਸ ਉਤੇ ਕਮਿਸ਼ਨ ਨੇ ਮੁੜ ਪੁੱਡਾ ਤੋਂ ਜਵਾਬ ਤਲਬ ਕੀਤਾ, ਜਿਸ ਉਤੇ ਮੁੱਖ ਪ੍ਰਸ਼ਾਸਕ ਪੁੱਡਾ ਨੇ ਕਮਿਸ਼ਨ ਨੂੰ ਦਸਿਆ ਕਿ ਇਸ ਅਧਿਕਾਰੀ ਦੀ ਤਰੱਕੀ ਕਰਨੀ ਨਹੀਂ ਬਣਦੀ।

ਸ਼ਿਕਾਇਤਕਰਤਾ ਵਲੋਂ ਜੋ ਕਾਰਨ ਦੱਸੇ ਗਏ ਉਨ੍ਹਾਂ ਦੇ ਆਧਾਰ ਉਤੇ ਕਮਿਸ਼ਨ ਦੇ ਮੈਂਬਰ ਸ੍ਰੀ ਗਿਆਨ ਚੰਦ ਨੇ ਇਸ ਸਾਰੇ ਮਾਮਲੇ ਨੂੰ ਘੋਖਿਆ ਅਤੇ ਕਮਿਸ਼ਨ ਦੇ ਚੇਅਰਪਰਸਨ ਨੂੰ ਅਪਣੀ ਰੀਪੋਰਟ ਪੇਸ਼ ਕੀਤੀ। ਚੇਅਰਪਰਸਨ ਵਲੋਂ ਇਸ ਰੀਪੋਰਟ ਦੇ ਆਧਾਰ ਉਤੇ ਮੁੱਖ ਪ੍ਰਸ਼ਾਸਕ ਪੁੱਡਾ ਤੋਂ ਐਕਸ਼ਨ ਟੇਕਨ ਰੀਪੋਰਟ ਮੰਗੀ ਗਈ। ਇਸ ਉਤੇ ਪੁੱਡਾ ਨੇ ਸ਼ਿਕਾਇਤਕਰਤਾ ਸ੍ਰੀ ਬਲਵਿੰਦਰ ਸਿੰਘ ਨੂੰ ਬਤੌਰ ਮੁੱਖ ਇੰਜਨੀਅਰ ਵਜੋਂ ਤਰੱਕੀ ਦੇ ਦਿਤੀ।

## ਨਫ਼ਰਤ ਭਰੇ ਭਾਸ਼ਨਾਂ, ਅਫ਼ਵਾਹਾਂ ਉਪਰ ਪਾਬੰਦੀ ਬਾਰੇ ਕੇਂਦਰ ਨੂੰ ਨਿਰਦੇਸ਼ ਦੇਣ ਦੀ ਅਪੀਲ ਵਾਲੀ ਪਟੀਸ਼ਨ 'ਤੇ 22 ਨਵੰਬਰ ਨੂੰ ਹੋਵੇਗੀ ਸੁਣਵਾਈ

**ਨਵੀਂ ਦਿੱਲੀ, 12 ਨਵੰਬਰ :** ਸੁਪਰੀਮ ਕੋਰਟ ਨੇ ਸ਼ੁੱਕਰਵਾਰ ਨੂੰ ਕਿਹਾ ਕਿ ਉਹ 22 ਨਵੰਬਰ ਨੂੰ ਉਸ ਪਟੀਸ਼ਨ 'ਤੇ ਸੁਣਵਾਈ ਕਰੇਗੀ ਜਿਸ ਵਿਚ ਕੇਂਦਰ ਨੂੰ ਵੱਖ ਵੱਖ ਅੰਤਰਰਾਸ਼ਟਰੀ ਕਾਨੂੰਨਾਂ 'ਤੇ ਗ਼ੌਰ ਕਰਨ, ਦੇਸ਼ ਵਿਚ ਨਫ਼ਰਤ ਫੈਲਾਉਣ ਵਾਲੇ ਭਾਸ਼ਨਾਂ ਅਤੇ ਅਫ਼ਵਾਹਾਂ ਨੂੰ ਕੰਟਰੋਲ ਕਰਨ ਲਈ ਉਚਿਤ "ਅਸਰਦਾਰ ਅਤੇ ਸਖ਼ਤ" ਕਦਮ ਉਠਾਉਣ ਦਾ ਨਿਰਦੇਸ਼ ਦੇਣ ਦੀ ਅਪੀਲ ਕੀਤੀ ਗਈ ਹੈ। ਜਸਟਿਸ ਐਮ.ਏ. ਖਾਨਵਿਲਕਰ ਅਤੇ ਜਸਟਿਸ ਸੀ.ਟੀ. ਰਵੀ ਕੁਮਾਰ ਦੀ ਬੈਂਚ ਨੇ ਪਟੀਸ਼ਨਕਰਤਾ ਵਲੋਂ ਪੇਸ਼ ਵਕੀਲ ਵਿਕਾਸ ਸਿੰਘ ਨੂੰ ਕਿਹਾ ਕਿ ਪਟੀਸ਼ਨ ਦੀ ਕਾਪੀ ਗ੍ਰਹਿ ਵਿਭਾਗ, ਕਾਨੂੰਨ ਅਤੇ ਨਿਆਂ ਮੰਤਰਾਲੇ ਅਤੇ ਕਾਨੂੰਨ ਕਮਿਸ਼ਨ ਨੂੰ ਦਿਤੀ ਜਾਵੇ। ਇਨ੍ਹਾਂ ਸਾਰਿਆਂ ਨੂੰ ਪਟੀਸ਼ਨ ਵਿਚ ਧਿਰ ਬਣਾਇਆ ਗਿਆ ਹੈ। ਸੁਪਰੀਮ ਕੋਰਟ ਵਕੀਲ ਅਤੇ ਭਾਜਪਾ ਨੇਤਾ ਅਸ਼ਵਨੀ ਉਪਾਧਿਆਏ ਦੀ ਪਟੀਸ਼ਨ 'ਤੇ ਸੁਣਵਾਈ ਕਰ ਰਹੀ ਸੀ। ਇਸ ਪਟੀਸ਼ਨ ਵਿਚ ਨਫ਼ਰਤ ਨਾਲ ਭਰੇ ਭਾਸ਼ਨਾਂ ਅਤੇ ਅਫ਼ਵਾਹਾਂ ਨੂੰ ਫੈਲਾਉਣ ਤੋਂ ਰੋਕਣ ਲਈ ਕਾਨੂੰਨ ਕਮਿਸ਼ਨ ਦੀਆਂ ਸ਼ਿਫ਼ਾਰਸ਼ਾਂ ਨੂੰ ਲਾਗੂ ਕਰਨ ਲਈ ਸੰਵਿਧਾਨਿਕ ਕਦਮ ਉਠਾਏ ਜਾਣ ਦੇ ਨਿਰਦੇਸ਼ ਦੇਣ ਦੀ ਬੇਨਤੀ ਕੀਤੀ ਗਈ ਹੈ। ਸੁਪਰੀਮ ਕੋਰਟ ਨੇ ਕਿਹਾ ਕਿ ਪਟੀਸ਼ਨ 'ਤੇ 22 ਨਵੰਬਰ ਨੂੰ ਸੁਣਵਾਈ ਕੀਤੀ ਜਾਵੇਗੀ ਜਦ ਮਾਮਲੇ ਨਾਲ ਜੁੜੀ ਇਕ ਹੋਰ ਪਟੀਸ਼ਨ 'ਤੇ ਸੁਣਵਾਈ ਕੀਤੀ ਜਾਵੇਗੀ। (ਏਜੰਸੀ)

## ਸ੍ਰੀਨਗਰ ਵਿਚ ਸੱਭ ਤੋਂ ਠੰਢੀ ਰਾਤ ਦਰਜ ਕੀਤੀ ਗਈ

**ਪਹਿਲਗਾਮ ਅਤੇ ਕੁਪਵਾੜਾ ਵਿਚ ਪਾਰਾ ਸਿਫ਼ਰ ਤੋਂ ਹੇਠਾਂ**

**ਸ੍ਰੀਨਗਰ, 12 ਨਵੰਬਰ :** ਜੰਮੂ ਕਸ਼ਮੀਰ ਦੇ ਸ੍ਰੀਨਗਰ ਸ਼ਹਿਰ ਵਿਚ ਮੌਸਮ ਦੀ ਸੱਭ ਤੋਂ ਠੰਢੀ ਰਾਤ ਦਰਜ ਕੀਤੀ ਗਈ। ਅਧਿਕਾਰੀਆਂ ਨੇ ਸ਼ੁੱਕਰਵਾਰ ਨੂੰ ਇਹ ਜਾਣਕਾਰੀ ਦਿਤੀ। ਸਾਲਾਨਾ ਅਮਰਨਾਥ ਯਾਤਰਾ ਦੇ ਆਧਾਰ ਕੈਂਪ ਪਹਿਲਗਾਮ ਦਾ ਤਾਪਮਾਨ ਸਿਫ਼ਰ ਤੋਂ 3.4 ਡਿਗਰੀ ਸੈਲੀਸੀਅਸ ਹੇਠਾਂ ਦਰਜ ਕੀਤਾ ਗਿਆ। ਇਹ ਕਸ਼ਮੀਰ ਦਾ ਸੱਭ ਤੋਂ ਠੰਢਾ ਸਥਾਨ ਰਿਹਾ।

ਉਨ੍ਹਾਂ ਦਸਿਆ ਕਿ ਉਤਰੀ ਕਸ਼ਮੀਰ ਦੇ ਕੁਪਵਾੜਾ ਵਿਚ ਵੀ ਪਾਰਾ ਸਿਫ਼ਰ ਤੋਂ ਹੇਠਾਂ 0.9 ਡਿਗਰੀ ਸੈਲਸੀਅਸ ਦਰਜ ਕੀਤਾ ਗਿਆ। ਅਧਿਕਾਰੀਆਂ ਨੇ ਕਿਹਾ ਕਿ ਸ੍ਰੀਨਗਰ ਵਿਚ ਵੀਰਵਾਰ ਰਾਤ ਘੱਟ ਤੋਂ ਘੱਟ ਤਾਪਮਾਨ 0.7 ਡਿਗਰੀ ਸੈਲਸੀਅਸ ਦਰਜ ਕੀਤਾ ਗਿਆ ਜੋ ਇਸ ਮੌਸਮ ਦਾ ਸੱਭ ਤੋਂ ਠੰਢਾ ਤਾਪਮਾਨ ਹੈ। ਘਾਟੀ ਦਾ ਪ੍ਰਵੇਸ਼ ਦੁਆਰ ਆਖੇ ਜਾਣ ਵਾਲੇ ਕਾਜ਼ੀਗੁੰਡ ਸ਼ਹਿਰ ਵਿਚ ਤਾਪਮਾਨ 0.0 ਡਿਗਰੀ ਸੈਲਸੀਅਸ ਦਰਜ ਕੀਤਾ ਗਿਆ ਜਦਕਿ ਕੋਕਰਨਾਗ ਵਿਚ ਵੀਰਵਾਰ ਰਾਤ ਘੱਟ ਤੋਂ ਘੱਟ ਤਾਪਮਾਨ 1.8 ਡਿਗਰੀ ਸੈਲਸੀਅਸ ਦਰਜ ਕੀਤਾ ਗਿਆ। (ਏਜੰਸੀ)

ਗੁਸਤਾਖ਼ੀ ਮਾਫ਼ — ਦਲਜੀਤ ਕੌਰ ਸੰਧੂ




# ਟਿਕਰੀ ਬਾਰਡਰ 'ਤੇ ਸ਼ਹੀਦ ਹੋਈਆਂ ਬੀਬੀਆਂ ਦੇ ਪ੍ਰਵਾਰਾਂ ਨੂੰ ਪ੍ਰਸ਼ਾਸਨ ਨੇ ਵੰਡੇ 10-10 ਲੱਖ ਦੇ ਚੈੱਕ

**ਮਾਨਸਾ, 12 ਨਵੰਬਰ ( ) :** ਟਿਕਰੀ ਬਾਰਡਰ 'ਤੇ ਵਾਪਰੇ ਦਰਦਨਾਕ ਹਾਦਸੇ ਵਿਚ ਸ਼ਹੀਦ ਹੋਈਆਂ ਪਿੰਡ ਖੀਵਾ ਦਿਆਲੂ ਵਾਲੇ ਦੀਆਂ ਤਿੰਨ ਬੀਬੀਆਂ ਦੇ ਪਰਵਾਰਾਂ ਨੂੰ ਸਰਕਾਰ ਵਲੋਂ 10-10 ਲੱਖ ਰੁਪਏ ਦੇ ਚੈੱਕ ਦੇਣ ਤੋਂ ਬਾਅਦ ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਵਲੋਂ ਇਨ੍ਹਾਂ ਮੰਗਾਂ ਨੂੰ ਲੈ ਕੇ ਡਿਪਟੀ ਕਮਿਸ਼ਨਰ ਮਾਨਸਾ ਦੇ ਦਫ਼ਤਰ ਅੱਗੇ ਅਣਮਿੱਥੇ ਸਮੇਂ ਲਈ ਸ਼ੁਰੂ ਕੀਤਾ ਦਿਨ ਰਾਤ ਦਾ ਧਰਨਾ ਪਹਿਲੇ ਦਿਨ ਹੀ ਮੰਗਾਂ ਮੰਨਣ ਤੋਂ ਬਾਅਦ ਸਮਾਪਤ ਕਰ ਦਿਤਾ ਗਿਆ।

ਦੱਸ ਦੇਈਏ ਕਿ 28 ਅਕਤੂਬਰ ਨੂੰ ਦਿੱਲੀ ਕਿਸਾਨ ਮੋਰਚੇ ਵਿਚ ਸ਼ਾਮਲ ਹੋਣ ਗਈਆਂ ਪਿੰਡ ਦੀਆਂ ਕਈ ਔਰਤਾਂ 'ਤੇ ਟਿੱਪਰ (ਟਰੱਕ) ਚੜ੍ਹ ਗਿਆ ਸੀ, ਜਿਸ ਕਾਰਨ ਤਿੰਨ ਔਰਤਾਂ ਗੁਰਮੇਲ ਕੌਰ, ਅਮਰਜੀਤ ਕੌਰ, ਸੁਖਵਿੰਦਰ ਕੌਰ ਸ਼ਹੀਦ ਹੋ ਗਈਆਂ ਸਨ ਜਦਕਿ ਦੋ ਔਰਤਾਂ ਜ਼ਖ਼ਮੀ ਹੋ ਗਈਆਂ। ਇਸ ਘਟਨਾ ਤੋਂ ਬਾਅਦ ਪੰਜਾਬ ਸਰਕਾਰ ਵਲੋਂ ਸ਼ਹੀਦ ਔਰਤਾਂ ਦੇ ਪਰਵਾਰਾਂ ਨੂੰ



5-5 ਲੱਖ ਰੁਪਏ ਦੇਣ ਦਾ ਐਲਾਨ ਕੀਤਾ ਸੀ, ਜਿਸ ਨੂੰ ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਨੇ ਰੱਦ ਕਰ ਕੇ ਮੰਗ ਕੀਤੀ ਕਿ ਸਹਾਇਤਾ ਰਾਸ਼ੀ ਘੱਟੋ ਘੱਟ 10-10 ਲੱਖ ਰੁਪਏ ਦਿਤੀ ਜਾਵੇ। ਇਸ ਤੋਂ ਇਲਾਵਾ ਮੰਗ ਕੀਤੀ ਗਈ ਕਿ ਪਰਵਾਰ ਦੇ ਇਕ-ਇਕ ਜੀਅ ਨੂੰ ਸਰਕਾਰੀ ਨੌਕਰੀ ਦਿੱਤੀ ਜਾਵੇ, ਪਰਵਾਰ ਦਾ ਕਰਜ਼ਾ ਮੁਆਫ਼ ਕੀਤਾ ਜਾਵੇ ਅਤੇ ਜ਼ਖ਼ਮੀ ਬੀਬੀ ਦੇ ਇਲਾਜ ਲਈ ਵੀ ਮੁਆਵਜ਼ਾ ਦਿਤਾ ਜਾਵੇ। ਇਨ੍ਹਾਂ ਮੰਗਾਂ ਲਈ ਧਰਨੇ ਦਾ ਐਲਾਨ ਸ਼ਹੀਦਾਂ ਦੇ ਭੋਗ ਸਮਾਗਮ ਦੌਰਾਨ ਕੀਤਾ ਗਿਆ ਸੀ।

ਧਰਨਾ ਸ਼ੁਰੂ ਹੋਣ ਤੋਂ ਬਾਅਦ ਐਸਐਸਪੀ ਮਾਨਸਾ ਨੇ ਕਿਸਾਨ ਆਗੂਆਂ ਨੂੰ ਅਪਣੇ ਦਫ਼ਤਰ ਬੁਲਾ ਕੇ ਦਸਿਆ ਕਿ ਸਰਕਾਰ ਵਲੋਂ ਮੁਆਵਜ਼ਾ ਰਾਸ਼ੀ ਦੀ ਰਕਮ ਵਧਾ ਕੇ 10 ਲੱਖ ਰੁਪਏ ਦੇਣ ਦਾ ਫ਼ੈਸਲਾ ਕੀਤਾ ਗਿਆ ਹੈ। ਇਸ ਤੋਂ ਬਾਅਦ ਐਸਡੀਐਮ ਹਰਜਿੰਦਰ ਸਿੰਘ ਜੱਸੜ ਅਤੇ ਡੀਐਸਪੀ ਹੈੱਡ ਕੁਆਰਟਰ ਸੰਜੀਵ ਗੋਇਲ ਧਰਨਾ ਸਥਾਨ 'ਤੇ ਪਹੁੰਚੇ, ਜਿੱਥੇ ਉਨ੍ਹਾਂ ਨੇ ਸ਼ਹੀਦ ਬੀਬੀਆਂ ਦੇ ਪਰਵਾਰਾਂ ਨੂੰ 1010 ਲੱਖ ਰੁਪਏ ਦੇ ਚੈੱਕ ਦਿਤੇ। ਉਨ੍ਹਾਂ ਦਸਿਆ ਕਿ ਪਰਵਾਰਕ ਮੈਂਬਰ ਨੂੰ ਨੌਕਰੀਆਂ ਸਬੰਧੀ ਫਾਈਲਾਂ ਸਰਕਾਰ ਨੂੰ ਭੇਜੀਆਂ ਜਾਣਗੀਆਂ। ਇਸ ਤੋਂ ਇਲਾਵਾ ਕਰਜ਼ਾ ਮੁਆਫ਼ੀ ਸਬੰਧੀ ਸੂਬਾ ਸਰਕਾਰ ਨੂੰ ਪੱਤਰ ਲਿਖਿਆ ਜਾਵੇਗਾ ਅਤੇ ਜ਼ਖ਼ਮੀ ਕਿਸਾਨ ਬੀਬੀ ਦੇ ਇਲਾਜ ਲਈ 3 ਲੱਖ ਰੁਪਏ ਪਰਵਾਰ ਨੂੰ ਜਲਦੀ ਦਿਤੇ ਜਾਣਗੇ। ਕਿਸਾਨਾਂ ਨੇ ਇਸ ਤੋਂ ਬਾਅਦ ਚੇਤਾਵਨੀ ਦਿਤੀ ਕਿ ਜੇਕਰ ਪਰਵਾਰਕ ਮੈਂਬਰਾਂ ਨੂੰ ਨੌਕਰੀ ਲਈ ਜਲਦੀ ਨਿਯੁਕਤੀ ਪੱਤਰ ਜਾ ਭੇਜੇ ਗਏ ਤਾਂ ਧਰਨਾ ਮੁੜ ਤੋਂ ਸ਼ੁਰੂ ਕੀਤਾ ਜਾਵੇਗਾ।

# ਸੁਪਰੀਮ ਕੋਰਟ ਦੀ ਸਖ਼ਤੀ ਤੋਂ ਬਾਅਦ ਫ਼ੌਜ ਝੁਕੀ, ਔਰਤਾਂ ਨੂੰ ਸਥਾਈ ਕਮਿਸ਼ਨ ਦੇਣ ਦਾ ਕੀਤਾ ਫ਼ੈਸਲਾ

**ਨਵੀਂ ਦਿੱਲੀ, 12 ਨਵੰਬਰ :** ਅਦਾਲਤ ਦੇ ਹੁਕਮਾਂ ਦੀ ਉਲੰਘਣਾ ਤੋਂ ਬਚਣ ਲਈ ਭਾਰਤੀ ਫ਼ੌਜ ਨੇ ਸ਼ੁੱਕਰਵਾਰ ਨੂੰ ਸੁਪਰੀਮ ਕੋਰਟ ਦੇ ਹੁਕਮਾਂ ਦੀ ਪਾਲਣਾ ਕਰਨ ਦਾ ਭਰੋਸਾ ਦਿਤਾ ਹੈ। ਇਸ ਤੋਂ ਪਹਿਲਾਂ ਸੁਪਰੀਮ ਕੋਰਟ ਨੇ ਇਤਿਹਾਸਕ ਫ਼ੈਸਲਾ ਦਿਤਾ ਸੀ ਕਿ ਔਰਤਾਂ ਨੂੰ ਫ਼ੌਜ ਵਿਚ ਸਥਾਈ ਕਮਿਸ਼ਨ ਮਿਲਣਾ ਚਾਹੀਦਾ ਹੈ। ਔਰਤਾਂ ਨਾਲ ਕੋਈ ਵਿਤਕਰਾ ਨਹੀਂ ਕੀਤਾ ਜਾ ਸਕਦਾ।

ਇਸ 'ਤੇ ਫ਼ੌਜ ਨੇ ਕਈ ਔਰਤਾਂ ਨੂੰ ਸਥਾਈ ਕਮਿਸ਼ਨ ਦਿਤਾ ਸੀ ਪਰ ਕੁੱਝ ਨੂੰ ਨਹੀਂ ਦਿਤਾ ਸੀ। ਅਜਿਹੀਆਂ 72 ਔਰਤਾਂ ਨੇ ਸੁਪਰੀਮ ਕੋਰਟ ਵਿਚ ਪਟੀਸ਼ਨ ਦਾਖ਼ਲ ਕਰ ਕੇ ਹੁਕਮ ਦੀ ਉਲੰਘਣਾ ਦੀ ਗੱਲ ਕਹੀ ਸੀ। ਇਸ ਪਟੀਸ਼ਨ 'ਤੇ ਸੁਣਵਾਈ ਹੋ ਰਹੀ ਹੈ। ਭਾਰਤੀ ਫ਼ੌਜ ਨੇ ਕਿਹਾ ਹੈ ਕਿ ਉਹ ਔਰਤਾਂ ਨੂੰ ਸਥਾਈ ਕਮਿਸ਼ਨ ਦੇਵੇਗੀ।

ਇਸ ਫ਼ੈਸਲੇ ਤੋਂ ਬਾਅਦ ਕਈ ਔਰਤਾਂ ਨੂੰ ਫ਼ੌਜ ਵਲੋਂ ਸਥਾਈ ਕਮਿਸ਼ਨ ਦਿਤਾ ਗਿਆ ਹੈ ਪਰ ਕੁੱਝ ਔਰਤਾਂ ਨੂੰ ਮੈਡੀਕਲ ਜਾਂ ਕਿਸੇ ਹੋਰ



ਕਾਰਨ ਕਰ ਕੇ ਸਥਾਈ ਕਮਿਸ਼ਨ ਨਹੀਂ ਦਿਤਾ ਗਿਆ। ਅਜਿਹੀਆਂ 72 ਔਰਤਾਂ ਨੇ ਸੁਪਰੀਮ ਕੋਰਟ ਵਿਚ ਅਦਾਲਤ ਦੀ ਮਾਣਹਾਨੀ ਦੀ ਪਟੀਸ਼ਨ ਦਾਇਰ ਕੀਤੀ ਹੈ।

ਇਸ ਮਾਮਲੇ ਦੀ ਅੱਜ ਅਦਾਲਤ ਵਿਚ ਸੁਣਵਾਈ ਹੋਈ ਜਿਸ ਵਿਚ ਅਦਾਲਤ ਨੇ ਫ਼ੌਜ ਦੇ ਰਵਈਏ ਨੂੰ ਲੈ ਕੇ ਸਖ਼ਤ ਰੁਖ਼ ਅਖ਼ਤਿਆਰ ਕੀਤਾ। ਅਦਾਲਤ ਨੇ ਕਿਹਾ ਕਿ ਅਦਾਲਤ ਦੇ ਸਪੱਸ਼ਟ ਹੁਕਮਾਂ ਦੇ ਬਾਵਜੂਦ ਫ਼ੌਜ ਤਕਨੀਕੀ ਕਾਰਨਾਂ ਦਾ ਹਵਾਲਾ ਦੇ ਕੇ ਔਰਤਾਂ ਨੂੰ ਸਥਾਈ ਕਮਿਸ਼ਨ ਨਹੀਂ ਦੇ ਰਹੀ ਹੈ।

ਨਿਰਾਸ਼ ਕਿਉਂ?



12 ਘੰਟਿਆਂ 'ਚ ਅਸਰ ਸ਼ੁਰੂ

ਸਿਰਫ਼ 1260/-, 1575/-

ਸਰੀਰ ਦੀ ਅੰਦਰੂਨੀ ਕਮਜ਼ੋਰੀ ਹਟਾਉ ਅਤੇ ਤਾਕਤਵਰ ਬਣਾਉ। ਸੈਕਸ ਟਾਈਮ ਵਧਾਉ। ਸੁਪਨਦੋਸ਼, ਨਪੁੰਸਕਤਾ, ਨਿੱਲ ਸ਼ੁਕਰਾਣੂ, ਸੰਤਾਨਹੀਣਤਾ ਨੂੰ ਦੂਰ ਕਰਕੇ ਨਾਲ ਜੋਸ਼ੀਲਾ ਤੇਲ, ਕਾਮਸ਼ਕਤੀ ਕੈਪਸੂਲ, 64 ਜੀਬੀ ਮੈਮੋਰੀ ਕਾਰਡ ਫ੍ਰੀ ਮਗਵਾਉ।

ਲਾਭ ਨਹੀਂ ਤਾਂ ਪੈਸਾ ਵਾਪਿਸ

Spl. Course 3150/-

8271749989

## ਨਫ਼ਰਤ ਫੈਲਾਉਣ ਲਈ ਭਾਜਪਾ ਦਾ ਹਥਿਆਰ ਬਣਿਆ ਫ਼ੇਸਬੁਕ, ਜੇ.ਪੀ.ਸੀ. ਜਾਂਚ ਹੋਵੇ : ਕਾਂਗਰਸ

**ਨਵੀਂ ਦਿੱਲੀ, 12 ਨਵੰਬਰ :** ਕਾਂਗਰਸ ਨੇ ਸ਼ੁੱਕਰਵਾਰ ਨੂੰ ਦੋਸ਼ ਲਗਾਇਆ ਕਿ ਦੇਸ਼ ਵਿਚ ਨਫ਼ਰਤ ਫੈਲਾਉਣ ਲਈ ਫ਼ੇਸਬੁਕ ਭਾਜਪਾ ਦਾ ਹਥਿਆਰ ਬਣ ਗਿਆ ਹੈ। ਪਾਰਟੀ ਨੇ ਮੰਗ ਕੀਤੀ ਹੈ ਕਿ ਇਸ ਦੀ ਜਾਂਚ ਲਈ ਸੰਯੁਕਤ ਸੰਸਦੀ ਕਮੇਟੀ (ਜੇ.ਪੀ.ਸੀ.) ਦਾ ਗਠਨ ਹੋਣਾ ਚਾਹੀਦਾ ਹੈ। ਕਾਂਗਰਸ ਦੇ ਸੋਸ਼ਲ ਮੀਡੀਆ ਵਿਭਾਗ ਦੇ ਮੁਖੀ ਰੋਹਨ ਗੁਪਤਾ ਨੇ ਪੱਤਰਕਾਰਾਂ ਨੂੰ ਕਿਹਾ, "ਦੇਸ਼ ਵਿਚ ਫ਼ੇਸਬੁਕ ਦੀ ਵਰਤੋਂ 36 ਕਰੋੜ ਲੋਕ ਕਰਦੇ ਹਨ। ਅੱਜ ਭਾਰਤ ਵਿਚ ਨਫ਼ਰਤ ਫੈਲਾਉਣ ਲਈ ਫ਼ੇਸਬੁਕ ਭਾਜਪਾ ਦਾ ਹਥਿਆਰ ਬਣ ਚੁੱਕਾ ਹੈ। ਬਣਾ ਕੇ ਫ਼ੇਸਬੁਕ ਨੂੰ ਹਥਿਆਰ, ਭਾਜਪਾ ਨੇ ਕੀਤਾ ਨਫ਼ਰਤ ਦਾ ਵਪਾਰ।" ਉਨ੍ਹਾਂ ਕਿਹਾ, "ਕਈ ਰਿਪੋਰਟਾਂ ਆ ਚੁਕੀਆਂ ਹਨ ਕਿ ਫ਼ੇਸਬੁਕ ਰਾਹੀਂ ਫੈਲਾਏ ਜਾ ਰਹੇ ਨਫ਼ਰਤ ਭਰੇ ਸੰਵਾਦ ਅਤੇ ਸਮੱਗਰੀ, ਫ਼ਰਜ਼ੀ ਖ਼ਬਰਾਂ ਨੂੰ ਰੋਕਣ ਲਈ ਅਸਰਦਾਰ ਕੋਸ਼ਿਸ਼ਾਂ ਨਹੀਂ ਕੀਤੀਆਂ ਗਈਆਂ। ਇਸ ਤਰ੍ਹਾਂ ਦੀ ਸਮੱਗਰੀ ਘੱਟ ਹੋਣ ਦੀ ਬਜਾਏ ਲਗਾਤਾਰ ਵਧ ਰਹੀ ਹੈ।"

**JANTA LAND PROMOTERS PVT. LIMITED**

**PUBLIC NOTICE**

All concerned are informed through this Public Notice that the Apartment No. 1103 in Block-B measuring 1900 sq.ft. (approximately) in Regency Heights, Sector 90, Mohali was allotted to **1. Mr. Gopal Singh Sandhu S/o Mr. Santa Singh Sandhu, 2. Mrs. Kuldip Sandhu W/o Mr. Gopal Singh Sandhu** vide this office letter No. 3106-07 dated 11.07.2011. Now, Mr. Gopal Singh Sandhu has intimated that his wife namely Mrs. Kuldip Sandhu had died on 10.02.2019 and has also enclosed the Death Certificate. Mr. Gopal Singh Sandhu S/o Mr. Santa Singh Sandhu R/o Flat No. B-1103, Block-B, Floor NO.11th, Regency Heights, Sector-90, Mohali has applied for transfer of 50% share of Apartment No. 1103 in Block-B in Regency Heights on the basis of Legal Heir Certificate duly issued by Area Councillor Ward No. 21 Municipal Corporation Mohali vide which it has been certified that Late Mrs. Kuldip Sandhu R/o Flat No.B-1103, Block-B, Floor NO.11th, Regency Heights, Sector-90, Mohali has left behind the following Legal Heirs:-

| Sr. No. | Name | Relationship with the deceased Allottee |
|---|---|---|
| 1. | Mr. Gopal Singh Sandhu | Husband |
| 2. | Mr. Gurharmeet Singh Sandhu | Son |
| 3. | Mrs. Ravneet Kaur | Daughter |

The legal heirs at No. 2 & 3 have given affidavits that they have no objection to transfer the property in the name of Mr. Gopal Singh Sandhu.

The above Legal Heirs have submitted the requisite documents required for transfer of 50% share of deceased allottee namely Mrs. Kuldip Sandhu in favour of Mr. Gopal Singh Sandhu, (Husband). He has also submitted the requisite affidavits/ Indemnity Bond for transfer of 50% share of the Apartment in his favour.

In view of above, anybody having any objection for transfer of 50% share of Apartment No.1103 in Block-B measuring 1900 sq.ft (approximately) Regency Heights, Sector 90, Mohali in the names of Mr. Gopal Singh Sandhu, husband of deceased Mrs. Kuldip Sandhu on the basis of above filed documents may file his / her objection alongwith necessary legal documentary evidence within 30 days of the issue of this Public Notice positively with our company on the below given address. Objections received thereafter shall in no case be entertained. If no objection is received within stipulated period, transfer of 50% share the Apartment No.1103 in Block-B shall be allowed in the names of Mr. Gopal Singh Sandhu, as per request on the basis of legal heirs certificate and other tendered documents.

**General Manager**
**Janta Land Promoters Pvt. Ltd.,**
**SCO : 39-42, Sector -82, Mohali.**

## ਪਟਨਾ ਸਾਹਿਬ ਕਮੇਟੀ ਦੇ ਸਾਬਕਾ ਜਨਰਲ ਸਕੱਤਰ ਕਲਿਆਣ ਸਿੰਘ ਨਹੀਂ ਰਹੇ

**ਸ਼ਾਹਕੋਟ/ਮਲਸੀਆਂ, 12 ਨਵੰਬਰ (ਕੁਲਜੀਤ ਸਿੰਘ ਖਿੰਡਾ) :** ਸ਼੍ਰੋਮਣੀ ਕਮੇਟੀ ਦੇ ਅਕਾਊਂਟੈਂਟ ਜਤਿੰਦਰਪਾਲ ਸਿੰਘ, ਪ੍ਰੈੱਸ ਕਲੱਬ ਸ਼ਾਹਕੋਟ ਦੇ ਪ੍ਰਧਾਨ ਪ੍ਰਿਤਪਾਲ ਸਿੰਘ ਤੇ ਸਿੱਖ ਸਟੂਡੈਂਟ ਫੈਡਰੇਸ਼ਨ (ਮਹਿਤਾ) ਦੇ ਮੁੱਖ ਬੁਲਾਰੇ ਗੁਰਮਿੰਦਰ ਸਿੰਘ ਚਾਵਲਾ ਨੂੰ ਉਸ ਸਮੇਂ ਗਹਿਰਾ ਸਦਮਾ ਲੱਗਾ ਜਦੋਂ ਉਨ੍ਹਾਂ ਦੇ ਸਹੁਰਾ ਅਤੇ ਤਖ਼ਤ ਸ੍ਰੀ ਪਟਨਾ ਸਾਹਿਬ ਪ੍ਰਬੰਧਕ ਕਮੇਟੀ ਦੇ ਸਾਬਕਾ ਜਨਰਲ ਸਕੱਤਰ ਕਲਿਆਣ ਸਿੰਘ ਦਾ ਅਚਾਨਕ ਦੇਹਾਂਤ ਹੋ ਗਿਆ। ਉਹ ਕਰੀਬ 78 ਸਾਲ ਦੇ ਸਨ। ਉਹ 33 ਸਾਲ ਪਟਨਾ ਸਾਹਿਬ ਕਮੇਟੀ ਦੇ ਮੈਂਬਰ ਰਹੇ। ਕਲਿਆਣ ਸਿੰਘ ਆਪਣੇ ਪਿੱਛੇ ਪਤਨੀ ਤੇ ਤਿੰਨ ਬੇਟੀਆਂ ਨੂੰ ਛੱਡ ਗਏ। ਉਨ੍ਹਾਂ ਦੀ ਚਿਖਾ ਨੂੰ ਅਗਨੀ ਉਨ੍ਹਾਂ ਦੀਆਂ ਬੇਟੀਆਂ ਦਲਜੀਤ ਕੌਰ ਅੰਮ੍ਰਿਤਸਰ, ਰਣਜੀਤ ਕੌਰ ਸ਼ਾਹਕੋਟ ਤੇ ਹਰਮੀਤ ਕੌਰ ਪਠਾਨਕੋਟ ਨੇ ਦਿੱਤੀ।



ਇਸ ਮੌਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅੰਮ੍ਰਿਤਸਰ ਦੀ ਧਰਮ ਪ੍ਰਚਾਰ ਕਮੇਟੀ ਦੇ ਮੈਂਬਰ ਭਾਈ ਅਜਾਇਬ ਸਿੰਘ ਅਭਿਆਸੀ, ਹਲਕਾ ਸਾਹਨੇਵਾਲ ਦੇ ਵਿਧਾਇਕ ਸ਼ਰਨਜੀਤ ਸਿੰਘ ਢਿੱਲੋਂ, ਲੁਧਿਆਣਾ ਦੇ ਸਾਬਕਾ ਮੇਅਰ ਹਰਚਰਨ ਸਿੰਘ ਗੋਹਲਵੜੀਆ, ਸ਼੍ਰੋਮਣੀ ਕਮੇਟੀ ਦੇ ਸਾਬਕਾ ਜਨਰਲ ਸਕੱਤਰ ਤੇ ਮੈਂਬਰ ਭਾਈ ਅਮਰਜੀਤ ਸਿੰਘ ਚਾਵਲਾ, ਕੰਵਲਜੀਤ ਸਿੰਘ ਸਾਬਕਾ ਪ੍ਰਧਾਨ, ਹਰਦੀਪ ਸਿੰਘ, ਮਲਵਿੰਦਰ ਸਿੰਘ, ਬਲਵੀਰ ਸਿੰਘ ਸਚਦੇਵਾ, ਜਸਵੀਰ ਸਿੰਘ, ਤਰਲੋਚਨ ਸਿੰਘ, ਪਰਮਜੀਤ ਸਿੰਘ, ਮਨਮੀਤ ਸਿੰਘ, ਇੰਦਰਜੀਤ ਸਿੰਘ, ਗਗਨਪ੍ਰੀਤ ਸਿੰਘ, ਜਸ਼ਨਪ੍ਰੀਤ ਸਿੰਘ ਸਮੇਤ ਵੱਡੀ ਗਿਣਤੀ 'ਚ ਇਲਾਕਾ ਨਿਵਾਸੀਆਂ ਨੇ ਪਰਿਵਾਰ ਨਾਲ ਦੁੱਖ ਸਾਂਝਾ ਕੀਤਾ।

## ਦੀਵਾਲੀ ਬੰਪਰ ਨੇ ਰੁਸ਼ਨਾਈ ਮੁਕਤਸਰ ਜ਼ਿਲ੍ਹੇ ਦੇ ਕਿਸਾਨ ਦੀ ਕਿਸਮਤ

**ਕੋਟਭਾਈ ਦਾ ਰਾਜਿੰਦਰ ਸਿੰਘ ਬਣਿਆ ਕਰੋੜਪਤੀ**

**ਚੰਡੀਗੜ੍ਹ, 12 ਨਵੰਬਰ (ਪ੍ਰਕਾਸ਼) :** ਪੰਜਾਬ ਸਟੇਟ ਡੀਅਰ ਦੀਵਾਲੀ ਬੰਪਰ ਦਾ ਇਕ ਕਰੋੜ ਰੁਪਏ ਦਾ ਦੂਸਰਾ ਇਨਾਮ ਜਿੱਤ ਕੇ ਸ੍ਰੀ ਮੁਕਤਸਰ ਸਾਹਿਬ ਜ਼ਿਲ੍ਹੇ ਦੇ ਪਿੰਡ ਕੋਟਭਾਈ ਦਾ ਕਿਸਾਨ ਰਾਜਿੰਦਰ ਸਿੰਘ ਰਾਤੋ-ਰਾਤ ਕਰੋੜਪਤੀ ਬਣ ਗਿਆ ਹੈ। ਇਸ ਬੰਪਰ ਦਾ ਨਤੀਜਾ 8 ਨਵੰਬਰ ਨੂੰ ਐਲਾਨਿਆ ਗਿਆ ਸੀ। ਰਾਜਿੰਦਰ ਸਿੰਘ ਨੂੰ ਇਹ ਇਨਾਮ ਲਾਟਰੀ ਟਿਕਟ ਨੰਬਰ ਏ- 875367 ਲਈ ਮਿਲਿਆ ਹੈ। ਜੇਤੂ ਵਲੋਂ ਇਨਾਮ ਦੀ ਰਾਸ਼ੀ ਪ੍ਰਾਪਤ ਕਰਨ ਲਈ ਅੱਜ ਸਟੇਟ ਲਾਟਰੀ ਵਿਭਾਗ ਦੇ ਚੰਡੀਗੜ੍ਹ ਸਥਿਤ ਦਫ਼ਤਰ ਵਿਖੇ ਲਾਟਰੀ ਟਿਕਟ ਅਤੇ ਲੋੜੀਂਦੇ ਦਸਤਾਵੇਜ ਜਮ੍ਹਾਂ ਕਰਵਾਏ ਗਏ। ਰਾਤੋ-ਰਾਤ ਕਰੋੜਪਤੀ ਬਣੇ ਰਾਜਿੰਦਰ ਸਿੰਘ ਨੇ ਦਸਿਆ ਕਿ ਉਸ ਦੇ ਦੋ ਧੀਆਂ ਤੇ ਇਕ ਬੇਟਾ ਹੈ। ਉਸ ਨੇ ਕਿਹਾ ਕਿ ਉਹ ਇਸ ਇਨਾਮੀ ਰਾਸ਼ੀ ਦੀ ਵਰਤੋਂ ਧੀਆਂ ਦੇ ਵਿਆਹ, ਮਕਾਨ ਬਣਾਉਣ ਅਤੇ ਹੋਰ ਜ਼ਰੂਰਤਾਂ ਨੂੰ ਪੂਰਾ ਕਰਨ ਲਈ ਕਰੇਗਾ। ਲਾਟਰੀਜ਼ ਵਿਭਾਗ ਦੇ ਅਧਿਕਾਰੀਆਂ ਨੇ ਇਸ ਖ਼ੁਸ਼ਨਸੀਬ ਜੇਤੂ ਨੂੰ ਭਰੋਸਾ ਦਿਤਾ ਕਿ ਇਨਾਮੀ ਰਾਸ਼ੀ ਜਲਦੀ ਉਨ੍ਹਾਂ ਦੇ ਬੈਂਕ ਖਾਤੇ ਵਿਚ ਤਬਦੀਲ ਕਰ ਦਿਤੀ ਜਾਵੇਗੀ।






# ਫ਼ੋਰਟਿਸ ਹੈਲਥਕੇਅਰ ਲਿਮਟਡ

(CIN : L85110PB1989PLC045933)

ਰਜਿਸਟਰਡ ਦਫ਼ਤਰ : ਫ਼ੋਰਟਿਸ ਹਸਪਤਾਲ, ਸੈਕਟਰ 62, ਫ਼ੇਜ਼-8, ਮੋਹਾਲੀ-160062

ਟੈਲੀ. : +91-172-5096001; ਫ਼ੈਕਸ : +91-172-5096221

ਵੈੱਬਸਾਈਟ : www.fortishealthcare.com, ਈ-ਮੇਲ : secretarial@fortishealthcare.com

**30 ਸਤੰਬਰ, 2021 ਨੂੰ ਖ਼ਤਮ ਤਿਮਾਹੀ ਅਤੇ ਛਿਮਾਹੀ ਲਈ ਅਣਪੜਤਾਲੀ ਕੰਸੋਲੀਡੇਟਿਡ ਵਿੱਤੀ ਨਤੀਜਿਆਂ ਦੀ ਸਟੇਟਮੈਂਟ**

(ਰੁ. ਲੱਖਾਂ 'ਚ ਈ.ਪੀ.ਐਸ. ਤੋਂ ਸਿਵਾਏ)

| ਵੇਰਵਾ | ਕੰਸੋਲੀਡੇਟਿਡ | | |
|---|---|---|---|
| | 30 ਸਤੰਬਰ, 2021 ਨੂੰ ਖ਼ਤਮ ਤਿਮਾਹੀ | 30 ਸਤੰਬਰ, 2021 ਨੂੰ ਖ਼ਤਮ ਛਿਮਾਹੀ | 30 ਸਤੰਬਰ, 2020 ਨੂੰ ਖ਼ਤਮ ਤਿਮਾਹੀ |
| ਕਾਰਵਾਈਆਂ ਤੋਂ ਕੁੱਲ ਆਮਦਨ | 147,056 | 288,871 | 102,030 |
| ਸ਼ੁੱਧ ਲਾਭ/(ਹਾਨੀ) ਸਮੇਂ ਲਈ (ਟੈਕਸ, ਵਿਸ਼ੇਸ਼ ਅਤੇ/ਜਾਂ ਅਸਾਧਾਰਨ ਮਦਾਂ ਤੋਂ ਪਹਿਲਾਂ) | 18,173 | 36,198 | 3,744 |
| ਸ਼ੁੱਧ ਲਾਭ/(ਹਾਨੀ) ਸਮੇਂ ਲਈ ਟੈਕਸ ਤੋਂ ਪਹਿਲਾਂ, (ਵਿਸ਼ੇਸ਼ ਅਤੇ/ਜਾਂ ਅਸਾਧਾਰਨ ਮਦਾਂ ਤੋਂ ਬਾਅਦ) | 18,203 | 66,842 | 3,805 |
| ਸ਼ੁੱਧ ਲਾਭ/(ਹਾਨੀ) ਸਮੇਂ ਲਈ ਟੈਕਸ ਤੋਂ ਪਹਿਲਾਂ, (ਵਿਸ਼ੇਸ਼ ਅਤੇ/ਜਾਂ ਅਸਾਧਾਰਨ ਮਦਾਂ ਤੋਂ ਬਾਅਦ) | 13,060 | 56,121 | 1,547 |
| ਕੁਲ ਵਿਆਪਕ ਆਮਦਨ ਸਮੇਂ ਲਈ [ਸਮੇਂ ਲਈ ਲਾਭ/(ਹਾਨੀ) ਸਮੇਤ (ਟੈਕਸ ਤੋਂ ਬਾਅਦ) ਅਤੇ ਹੋਰ ਵਿਆਪਕ ਆਮਦਨ (ਟੈਕਸ ਤੋਂ ਬਾਅਦ)] | 12,766 | 55,720 | 2,443 |
| ਇਕੁਇਟੀ ਸ਼ੇਅਰ ਕੈਪੀਟਲ (ਫ਼ੇਸ ਵੈਲਿਊ ਰੁ. 10/- ਪ੍ਰਤੀ ਸ਼ੇਅਰ) | 75,496 | 75,496 | 75,496 |
| ਰਾਖਵਾਂ (ਰੀਵੈਲਿਊਏਸ਼ਨ ਰਿਜ਼ਰਵ ਛੱਡ ਕੇ) ਜਿਵੇਂ ਪਿਛਲੇ ਸਾਲ ਦੀ ਪੜਤਾਲੀ ਬੈਲੈਂਸ ਸ਼ੀਟ ਵਿਚ ਦਰਸਾਇਆ ਗਿਆ ਹੈ (31 ਮਾਰਚ, 2021 ਅਨੁਸਾਰ) | | | 536,485 |
| ਪ੍ਰਤੀ ਸ਼ੇਅਰ ਆਮਦਨ (ਫ਼ੇਸ ਵੈਲਿਊ ਰੁ. 10/- ਪ੍ਰਤੀ ਸ਼ੇਅਰ) (ਲਗਾਤਾਰ ਅਤੇ ਬੰਦ ਹੋਣ ਜਾ ਰਹੀਆਂ ਕਾਰਵਾਈਆਂ ਲਈ) | | | |
| (ੳ) ਬੇਸਿਕ | 1.42 | 4.91 | (0.05) |
| (ਅ) ਡਿਲੀਊਟਡ | 1.42 | 4.91 | (0.05) |

ਨੋਟ :-

| ਵੇਰਵਾ | ਸਟੈਂਡਅਲੋਨ | | |
|---|---|---|---|
| | 30 ਸਤੰਬਰ, 2021 ਨੂੰ ਖ਼ਤਮ ਤਿਮਾਹੀ | 30 ਸਤੰਬਰ, 2021 ਨੂੰ ਖ਼ਤਮ ਛਿਮਾਹੀ | 30 ਸਤੰਬਰ, 2020 ਨੂੰ ਖ਼ਤਮ ਤਿਮਾਹੀ |
| ਟਰਨਓਵਰ | 22,087 | 42,439 | 15,313 |
| ਟੈਕਸ ਤੋਂ ਪਹਿਲਾਂ ਲਾਭ | 629 | 395 | 571 |
| ਟੈਕਸ ਤੋਂ ਪਿਛੋਂ ਲਾਭ | 417 | 244 | 415 |

1. ਉੱਪਰ ਲਿਖਿਆ ਤਿਮਾਹੀ ਵਿੱਤੀ ਨਤੀਜਿਆਂ ਦਾ ਹੁ-ਬ-ਹੂ ਵਿਸਤ੍ਰਿਤ ਸਰੂਪ ਹੈ ਜੋ ਕਿ ਸਟਾਕ ਐਕਸਚੇਂਜ ਕੋਲ ਸੇਬੀ (ਸੂਚੀਕਰਨ ਫ਼ਰਜ਼ ਅਤੇ ਪ੍ਰਗਟਾਵਾ ਜ਼ਰੂਰਤਾਂ) 2015 ਦੇ ਰੈਗੂਲੇਸ਼ਨ 33 ਹੇਠ ਦਰਜ ਕਰਵਾਏ ਗਏ ਹਨ। ਤਿਮਾਹੀ ਵਿੱਤੀ ਨਤੀਜਿਆਂ ਦਾ ਪੂਰਾ ਸਰੂਪ ਸਟਾਕ ਐਕਸਚੇਂਜ ਦੀਆਂ ਵੈੱਬਸਾਈਟਾਂ ਵਾਈਜ਼ www.nseindia.com and www.bseindia.com 'ਤੇ ਅਤੇ ਕੰਪਨੀ ਦੀ ਵੈੱਬਸਾਈਟ www.fortishealthcare.com 'ਤੇ ਮੌਜੂਦ ਹੈ।

ਫੋਰਟਿਸ ਹੈਲਥਕੇਅਰ ਲਿਮਟਿਡ
ਲਈ ਅਤੇ ਵਲੋਂ ਬੋਰਡ ਆਫ਼ ਡਾਇਰੈਕਟਰਜ਼
ਸਹੀ
ਡਾ. ਆਸ਼ੂਤੋਸ਼ ਰਘੂਵੰਸ਼ੀ
ਮੈਨੇਜਿੰਗ ਡਾਇਰੈਕਟਰ ਅਤੇ ਸੀਈਓ
ਡੀ.ਆਈ.ਐਨ. ਨੰ. : 02775637

ਸਥਾਨ : ਗੁਰੂਗ੍ਰਾਮ
ਮਿਤੀ : ਨਵੰਬਰ 12, 2021